**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

https://sssb.punjab.gov.in

**ਸ਼ੁੱਧੀ ਪੱਤਰ**

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ. 14 ਆਫ 2025 ਰਾਹੀਂ ਸਟੈਨੋਟਾਈਪਿਸਟ ਦੀਆਂ ਅਸਾਮੀਆਂ (ਗਰੁੱਪ-ਸੀ) ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਸ ਇਸ਼ਤਿਹਾਰ ਦੇ ਨੁਕਤਾ ਨੰ: 11 ਅਧੀਨ ਦਰਸਾਈ **ਚੋਣ ਵਿਧੀ / ਪ੍ਰੀਖਿਆ ਸਬੰਧੀ ਜਾਣਕਾਰੀ** ਨੂੰ ਹੁਣ ਹੇਠ ਅਨੁਸਾਰ ਪੜ੍ਹਿਆ ਜਾਵੇ।

"**11. ਚੋਣ ਵਿਧੀ/ਪ੍ਰੀਖਿਆ ਸੰਬੰਧੀ ਜਾਣਕਾਰੀ**:-

1. **ਉਮੀਦਵਾਰਾਂ ਦੀ, ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਮਿਤੀ**: 28.10.2022 **ਮੁਤਾਬਕ, ਦਸਵੀਂ ਪੱਧਰ ਦੇ ਪੰਜਾਬੀ ਵਿਸ਼ੇ ਦੀ ਲਿਖਤੀ ਪ੍ਰੀਖਿਆ ਲਈ ਜਾਵੇਗੀ, ਜਿਸ ਵਿੱਚ** 50% **ਅੰਕ ਪ੍ਰਾਪਤ ਕਰਨੇ ਲਾਜ਼ਮੀ** ਹੋਣਗੇ। **ਪੰਜਾਬੀ ਪ੍ਰੀਖਿਆ ਲਈ ਵੀ** Objective Type ਦੇ Multiple Choice Question ਪੁੱਛੇ ਜਾਣਗੇ ਅਤੇ ਇਹ ਪ੍ਰੀਖਿਆ qualifying nature **ਦੀ ਹੋਵੇਗੀ**।
2. **ਜਿਹੜੇ ਉਮੀਦਵਾਰ ਪੰਜਾਬੀ ਵਿਸ਼ੇ ਤੇ ਲਈ ਜਾਣ** ਵਾਲੀ **ਪ੍ਰੀਖਿਆ ਵਿੱਚ** qualify **ਕਰਨਗੇ ਉਹਨਾਂ ਉਮੀਦਵਾਰਾਂ ਦਾ ਪੰਜਾਬੀ ਸਟੈਨੋਗ੍ਰਾਫੀ** ਸਕਿੱਲ **ਟੈਸਟ** 80 **ਸ਼ਬਦ** ਪ੍ਰਤੀ **ਮਿੰਟ ਦੀ ਸਪੀਡ ਤੇ ਲਿਆ ਜਾਵੇਗਾ ਅਤੇ ਇਸ ਟੈਸਟ ਲਈ ਕੁੱਲ** 400 **ਸਬਦ** (200-200 **ਸ਼ਬਦ ਦੇ ਦੋ ਪੈਰ੍ਹੇ**) **ਹੋਣਗੇ**, **ਜਿਸ ਨੂੰ** 15 **ਸ਼ਬਦ** ਪ੍ਰਤੀ **ਮਿੰਟ** ਦੇ ਹਿਸਾਬ ਨਾਲ ਟਰਾਂਸਕਰਾਈਬ ਕਰਨਾ ਹੋਵੇਗਾ ਅਤੇ 8 ਪ੍ਰਤੀਸ਼ਤ ਗਲਤੀਆਂ ਮੁਆਫ ਹੋਣਗੀਆਂ।
3. ਪੰਜਾਬੀ ਸਟੈਨੋਗ੍ਰਾਫੀ ਸਕਿੱਲ ਟੈਸਟ ਵਿੱਚ ਕੀਤੀਆਂ ਗਲਤੀਆਂ (Mistakes) ਮੁਤਾਬਕ ਵਧਦੇ ਕ੍ਰਮ (0 ਗਲਤੀ ਤੋਂ 32 ਗਲਤੀਆਂ) ਵਿੱਚ ਮੈਰਿਟ ਸੂਚੀ ਤਿਆਰ ਕੀਤੀ ਜਾਵੇਗੀ। ਜੇਕਰ ਮੈਰਿਟ ਦੀ ਬਰਾਬਰਤਾ ਸਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ। ਜੇਕਰ ਬਰਾਬਰ ਮੈਰਿਟ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਮੁਤਾਬਿਕ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ਼ਤਿਹਾਰ ਵਿੱਚ ਦਰਸਾਈ ਵਿੱਦਿਅਕ ਯੋਗਤਾ ਦੀ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ ਅਤੇ ਜੇਕਰ ਉਪਰੋਕਤ ਦੋਵੇਂ ਸਥਿਤੀਆਂ ਵਿੱਚ ਵੀ ਅੰਕਾਂ ਦੀ ਬਰਾਬਰਤਾ ਦਾ ਵਿਵਾਦ ਨਹੀਂ ਸੁਲਝਦਾ ਹੈ ਤਾਂ ਅੰਤ ਵਿੱਚ ਮੈਟ੍ਰਿਕ ਵਿੱਚ ਪ੍ਰਾਪਤ ਅੰਕਾਂ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ।
4. ਲਿਖਤੀ ਪ੍ਰੀਖਿਆ ਲਈ ਰੋਲ ਨੰਬਰ, ਸਿਲੇਬਸ ਅਤੇ ਹੋਰ ਜਾਣਕਾਰੀ ਬੋਰਡ ਦੀ ਵੈੱਬਸਾਈਟ http://sssb.punjab.gov.in ਤੇ ਸਮੇਂ-ਸਮੇਂ ਤੇ ਜਾਰੀ ਕੀਤੀ ਜਾਵੇਗੀ। ਇਸ

ਲਈ ਲਾਜ਼ਮੀ ਹੈ ਕਿ ਉਮੀਦਵਾਰ ਸਮੇਂ ਸਮੇਂ ਤੇ ਬੋਰਡ ਦੀ ਵੈੱਬਸਾਈਟ ਚੈੱਕ ਕਰਦੇ ਰਹਿਣਗੇ। ਕਿਸੇ ਵੀ ਉਮੀਦਵਾਰ ਨਾਲ ਵਿਅਕਤੀਗਤ ਤੌਰ ਤੇ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ, ਜੇਕਰ ਕੋਈ ਉਮੀਦਵਾਰ ਵੈੱਬਸਾਈਟ ਚੈੱਕ ਨਹੀ ਕਰਦਾ ਤਾਂ ਬਾਅਦ ਵਿੱਚ ਉਸਦਾ ਕੋਈ ਕਲੇਮ ਮੰਨਣਯੋਗ ਨਹੀਂ ਹੋਵੇਗਾ।

5. ਮੈਰਿਟ ਸੂਚੀ ਅਨੁਸਾਰ ਭੇਜੀਆਂ ਜਾਣ ਵਾਲੀਆਂ ਸਿਫਾਰਸ਼ਾਂ ਪ੍ਰੈਫਰੈਂਸ ਕਮ ਮੈਰਿਟ ਦੇ ਅਧਾਰ ਤੇ ਤਿਆਰ ਕੀਤੀਆਂ ਜਾਣਗੀਆਂ।"

2.0 ਇਸ ਇਸ਼ਤਿਹਾਰ ਦੀਆਂ ਅਸਾਮੀਆਂ ਲਈ ਹੁਣ ਆਨਲਾਈਨ ਅਪਲਾਈ ਕਰਨ ਦੀ ਮਿਤੀਆਂ ਵਿੱਚ ਹੇਠ ਦਿੱਤੇ ਅਨੁਸਾਰ ਵਾਧਾ ਕੀਤਾ ਜਾਂਦਾ ਹੈ:

| | | |
|---|---|---|
| ਆਨ-ਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ | : | 16.01.2026 |
| ਫੀਸ ਜਮ੍ਹਾਂ ਕਰਨ ਦੀ ਆਖਰੀ ਮਿਤੀ | : | 19.01.2026 |

3.0 ਮਿਤੀ 28.11.2025 ਨੂੰ ਬੋਰਡ ਦੀ ਵੈਬਸਾਇਟ ਤੇ ਪ੍ਰਕਾਸ਼ਿਤ ਇਸ਼ਤਿਹਾਰ ਨੰ. 14 ਆਫ 2025 ਵਿੱਚ ਦਰਸਾਈਆਂ ਬਾਕੀ ਸ਼ਰਤਾਂ ਅਤੇ ਬਾਨਾਂ ਉਸੇ ਤਰ੍ਹਾਂ ਲਾਗੂ ਰਹਿਣਗੀਆਂ।

4..0 ਉਮੀਦਵਾਰ ਇਸ ਇਸ਼ਤਿਹਾਰ ਦੀ ਤਾਜ਼ਾ ਜਾਣਕਾਰੀ ਲਈ ਬੋਰਡ ਦੀ ਵੈਬਸਾਈਟ ਸਮੇਂ ਸਮੇਂ ਤੇ ਚੈੱਕ ਕਰਦੇ ਰਹਿਣ।

ਸਹੀ/-

ਸਥਾਨ: ਐਸ.ਏ.ਐਸ. ਨਗਰ
ਮਿਤੀ: 26.12.2025

ਸਹਾਇਕ ਡਾਇਰੈਕਟਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ